ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

****************

# ਮੰਗਲਾ ਚਰਣ

(ਉਲਥਾਕਾਰ ਵਲੋਂ)

ਤਾਟੰਕ ਛੰਦ:-

ਮੱਥੇ ਰੱਬੀ ਜੋਤਿ, ਮਨੋ ਹੈ,
ਚੰਦ ਚਮਕ ਆਕਾਸ਼ ਰਿਹਾ।
ਸਦ ਅਮੰਦ*, ਅਕਲੰਕ, ਏਕ ਰਸ
ਦੈਵੀ ਨੂਰ ਪ੍ਰਕਾਸ਼ ਰਿਹਾ।
ਨੈਣ ਰਸੀਲੇ, ਪ੍ਰੇਮ ਕਸਾਏ।
ਮਿੱਠੀ ਖਿੱਚਾਂ ਪਾਇ ਰਹੇ।
ਮਿਹਰ ਦ੍ਰਿਸ਼ਟਿ ਕਰ ਅੰਮ੍ਰਿਤ ਬਰਖਾ,
ਸੁਧਾ ਸਿੰਚ ਜੀਵਾਇ ਰਹੇ।
ਸੂਰਜ ਮੁਖ ਅੱਗਯਾਨ ਤਿਮਰ ਹਰ,
ਗਯਾਨ ਪ੍ਰਕਾਸ਼ ਖਿਲਾਰ ਰਿਹਾ।
ਸੁੰਦਰ ਦਾੜ੍ਹਾ ਕਿਰਨ ਪੁੰਜ ਹੈ,
ਨੂਰ ਮਾਰ ਲਿਸ਼ਕਾਰ ਰਿਹਾ।
'ਹਰਿ ਸਿਮਰਨ' ਉਰ ਹਾਰ ਬਨ ਰਿਹਾ
ਸੋਭਾ ਰੱਬੀ ਨੂਰ ਭਰੀ।
'ਲਿਵ ਅਖੰਡ' ਦੇ ਸੂਤ ਪਰੋਤੇ,
ਰਤਨ ਅਮੋਲਕ 'ਨਾਮ ਹਰੀ'।
ਮੋਹਨ ਦੈਵੀ ਅੰਮ੍ਰਿਤ ਬਾਣੀ,
ਅਚਲ ਗੰਗ ਜਲ ਸਦਾ ਵਹੇ।
ਸਿਖ ਸੰਗਤ ਸਭ ਮੱਜਨ** ਕਰਕੇ,
ਪਾਵਨ ਗੁਰਮੁਖ ਸੰਤ ਭਏ।
ਜੋਗ ਜੁਗਤਿ ਆਲੰਬ ਸੋਭਦੇ,
ਤਪੀ ਤਪੀਸ਼ਵਰ ਧਯਾਨ ਧਰੇਂ।
ਮਹਾਂ ਤਪੀ ਪਰ ਡਾਢੇ ਕੋਮਲ,
ਕਸਿਕ ਵਿਰਾਗੀ ਪ੍ਰੇਮ ਭਰੇ।
ਨਿਜ ਦਾਸਾਂ ਤੇ ਮਿਹਰ ਜੁ ਕਰਦਾ,
ਪੁੱਤਾਂ ਵਾਂਗੂੰ ਪਾਲ ਰਿਹਾ।
ਸੰਤ ਮਰਾਲ ਕਰਨ ਕੰਤੂਹਲ,
ਜਿਸ ਤੇ ਘੁਮ ਘੁਮ ਜਾਨ ਸਦਾ।
ਅੰਜਨ ਮਾਂਹਿ ਨਿਰੰਜਨ ਰਹਿਣਾ
'ਘਰ' 'ਬਨ' ਇਕ ਸਿਖਾਇ ਜਿਨ੍ਹੇ,

---

*ਜਿਸਦਾ ਪ੍ਰਕਾਸ਼ ਕਦੇ ਮੰਦ ਨਾ ਹੋਵੇ, ਸਦਾ ਚਮਕਦਾ ਰਹੇ।
**ਇਸ਼ਨਾਨ

'ਗਿਰਹੀ ਭੀ ਤਯਾਗੀ ਵੈਰਾਗੀ',
ਸੁਹਣੇ ਰਾਹ ਦਿਖਾਇ ਜਿਨ੍ਹੇ।
ਨਾਮ ਰਸਿਕ ਜਗ ਪ੍ਰੇਮ ਪਰੇਤੇ,
ਤਨਹੰਤਾ ਜਿਨ ਤਯਾਗ ਦਈ।
ਮਾਯਾ ਦੇ ਵਿਚ ਰਹਿਣ ਅਲਿਪਤੇ,
ਨਾਮ ਸਮਾਧੀ ਸਦਾ ਲਗੀ।
ਰਾਜ ਜੋਗ ਜੋ ਨਿੱਤ ਕਮਾਂਦੇ,
ਪੂਰਨ ਜੋਗੀ ਰਚੇ ਜਿਨ੍ਹੇ।
'ਹੱਥ ਕੰਮ ਵਿਚ, ਚਿੱਤ ਯਾਰ ਵਲ'
ਸਾਜੇ ਗੁਰਮੁਖ ਸੰਤ ਜਿਨ੍ਹੇ।
ਸਦਾ ਸਰਸਵਤੀ ਖੜੀ ਹਜ਼ੂਰੀ,
ਮਿਹਰ ਦ੍ਰਿਸਟ ਜਿਸ ਕਵੀ ਕਰੇ।
ਖਲ ਪੰਡਿਤ ਤੋਂ ਚਤੁਰ ਬਕੀਤੇ,
ਕਾਵਯ ਪ੍ਰਵਾਹ ਸਦ ਰਹਨ ਟੁਰੇ।
ਐਸੇ ਸ੍ਰੀ ਗੁਰੂ ਨਾਨਕ ਚਰਨੀਂ
'ਮਾਨ ਹਰੀ' ਸਦ ਸੀਸ ਧਰੇ।
ਸਦ ਦਾਸਾਂ ਦੇ ਹੋਇ ਸਹਾਈ,
ਕਾਰਜ ਪੂਰਨ ਆਪ ਕਰੇਂ।
ਆਪ ਬੁਧਿ ਕਵਿਤਾ ਬਲ ਬਖ਼ਸ਼ਨ,
ਭਾਵ ਅਰਥ ਸਭ ਆਨ ਖੁਲ੍ਹੇ।
ਰਸਿਕ ਵਿਰਾਗ ਪ੍ਰੇਮ ਮਨ ਵੱਸੇ,
ਮੋਹ ਮਾਯਾ ਦੀ ਗੰਢ ਖੁਲ੍ਹੇ।

ਸੋਰਠਾ:-

ਦਸ ਗੁਰ ਏਕ ਸਰੂਪ,
ਬ੍ਰਹਮ ਜੋਤਿ ਇਕ ਜੋਤਿ ਮਯ।
ਮਹਿਮਾ ਪਰਮ ਅਨੂਪ,
ਚਰਨ ਕਮਲ ਬੰਦਨ ਕਰਉਂ।

ਦੋਹਿਰਾ:-

ਸ਼ਬਦ ਅਰਥ ਦੇ ਵਾਂਗ ਜੋ,
ਸ਼ਬਦ-ਬ੍ਰਹਮ ਗੁਰ ਰੂਪ।
ਨਮਸਕਾਰ ਨਿਸਦਿਨ ਕਰਾਂ,
ਸ੍ਰੀ ਗੁਰੁ ਗ੍ਰੰਥ ਅਨੂਪ॥